## ਵਰਤੀਆਂ ਹੋਈਆਂ ਕਾਰ ਸੀਟਾਂ

ਜੇ ਤੁਸੀਂ ਕੋਈ ਪਹਿਲਾਂ ਵਰਤੀ ਹੋਈ ਕਾਰ ਸੀਟ ਖ਼ਰੀਦਣ ਦੀ ਯੋਜਨਾ ਬਣਾ ਰਹੇ ਹੋ, ਜਾਂ ਕੋਈ ਅਜਿਹੀ ਸੀਟ ਵਰਤਣਾ ਚਾਹ ਰਹੇ ਹੋ, ਜੋ ਪਹਿਲਾਂ ਹੀ ਤੁਹਾਡੀ ਮਲਕੀਅਤ ਹੈ, ਜਾਂ ਕਿਸੇ ਭਰੋਸੇਯੋਗ ਸਰੋਤ ਜਿਵੇਂ ਕਿ ਪਰਿਵਾਰ ਜਾਂ ਦੋਸਤ ਤੋਂ ਉਧਾਰ ਲੈਣ ਬਾਰੇ ਸੋਚ ਰਹੇ ਹੋ, ਤਾਂ ਇਸ ਪੜਤਾਲ ਸੂਚੀ ਦੀ ਇੱਕ ਗਾਈਡ ਦੇ ਤੌਰ ਤੇ ਤੁਹਾਡੀ ਇਹ ਫ਼ੈਸਲਾ ਕਰਨ ਵਿੱਚ ਮਦਦ ਕਰਨ ਵਾਸਤੇ ਵਰਤੋਂ ਕਰੋ ਕਿ ਕੀ ਇਹ ਅਜੇ ਵੀ ਵਰਤਣ ਵਾਸਤੇ ਸੁਰੱਖਿਅਤ ਹੈ ਜਾਂ ਨਹੀਂ।

1. ਕੀ ਸੀਟ ਤੇ ਕੋਈ ਅਜਿਹੀ ਲੇਬਲ ਹੈ ਜਿਸਤੇ ਨਿਰਮਾਣ ਦੀ ਤਾਰੀਖ਼ ਲਿਖੀ ਜਾਂ ਸੀਟ ਦੇ ਪਲਾਸਟਿਕ ਖੋਲ ਵਿੱਚ ਇਸਦੀ ਮਿਆਦ ਖ਼ਤਮ ਹੋਣ ਦੀ ਤਾਰੀਖ਼ ਖੁਦੀ ਹੋਈ ਹੋਵੇ ? (ਹਰੇਕ ਕਾਰ ਸੀਟ ਨਿਰਮਾਤਾ ਦੀਆਂ ਮਿਆਦ ਪੁੱਗਣ ਦੀਆਂ ਤਾਰੀਖ਼ਾਂ ਵੱਖ ਵੱਖ ਹੁੰਦੀਆਂ ਹਨ – ਇਸ ਜਾਣਕਾਰੀ ਵਾਸਤੇ ਉਨ੍ਹਾਂ ਨਾਲ ਸੰਪਰਕ ਕਰੋ)

   **ਹਾਂ :** ਜੇ ਮਿਆਦ ਖ਼ਤਮ ਨਹੀਂ ਹੋਈ ਤਾਂ ਜਾਰੀ ਰੱਖੋ

   **ਨਹੀਂ :** ਸੀਟ ਨੂੰ ਰੱਦ ਕਰ ਦਿਓ

2. ਕੀ ਸੀਟ ਤੇ ਕੋਈ ਅਜਿਹਾ ਲੇਬਲ ਲੱਗਾ ਹੈ, ਜੋ ਇਹ ਦਰਸਾਉਂਦਾ ਹੋਵੇ ਕਿ ਇਹ ਸਾਰੇ ਕੈਨੇਡੀਅਨ ਮੋਟਰ ਗੱਡੀ ਸੁਰੱਖਿਆ ਮਿਆਰਾਂ [Canadian Motor Vehicle Safety Standards (CMVSS)] ਦੀ ਪੂਰਤੀ ਕਰਦੀ ਹੈ ?

   **ਹਾਂ :** ਜਾਰੀ ਰੱਖੋ

   **ਨਹੀਂ :** ਸੀਟ ਨੂੰ ਰੱਦ ਕਰ ਦਿਓ

3. ਕੀ ਸੀਟ ਨੂੰ ਕੰਪਨੀ ਨੇ ਕਿਸੇ ਸੁਰੱਖਿਆ ਨੁਕਸਾਂ ਕਾਰਨ ਵਾਪਸ ਮੋੜਨ ਵਾਸਤੇ ਆਖਿਆ ਹੈ ? ਪਤਾ ਕਰਨ ਵਾਸਤੇ, CAA ਨੂੰ ਕੱਲ ਕਰੋ ਜਾਂ ਆਪਣੀ ਕਾਰ ਸੀਟ ਮਾਡਲ ਨੰਬਰ ਅਤੇ ਇਸਦੀ ਨਿਰਮਾਣ ਤਾਰੀਖ਼ ਨਾਲ ਟਰਾਂਸਪੋਰਟ ਕੈਨੇਡਾ ਦੀ ਵੈੱਬਸਾਈਟ ਦੇਖੋ।

   **ਨਹੀਂ :** ਜਾਰੀ ਰੱਖੋ

   **ਹਾਂ :** ਕੀ ਨੁਕਸਾਂ ਨੂੰ ਠੀਕ ਕਰ ਲਿਆ ਗਿਆ ਹੈ ?

   **ਹਾਂ :** ਜਾਰੀ ਰੱਖੋ

   **ਨਹੀਂ :** ਨੁਕਸ ਠੀਕ ਕਰੋ ਜਾਂ ਸੀਟ ਨੂੰ ਰੱਦ ਕਰ ਦਿਓ

4. ਕੀ ਸੀਟ ਕਿਸੇ ਗੱਡੀ ਦੇ ਹਾਦਸੇ ਵਿੱਚ ਸੰਮਿਲਤ ਸੀ ?

   **ਨਹੀਂ :** ਜਾਰੀ ਰੱਖੋ

   **ਹਾਂ :** ਸੀਟ ਨੂੰ ਰੱਦ ਕਰ ਦਿਓ

5. ਕੀ ਸੀਟ ਨੂੰ ਇੱਕ ਮੀਟਰ ਜਾਂ ਇਸਤੋਂ ਵਧੇਰੇ ਉਚਾਈ ਤੋਂ ਥੱਲੇ ਡੇਗਿਆ ਗਿਆ ਹੈ ?

   **ਨਹੀਂ :** ਜਾਰੀ ਰੱਖੋ

   **ਹਾਂ :** ਸੀਟ ਨੂੰ ਰੱਦ ਕਰ ਦਿਓ

6. ਕੀ ਪਲਾਸਟਿਕ ਖੋਲ ਜਾਂ ਧਾਤੂ ਵਾਲੇ ਫਰੇਮ ਵਿੱਚ ਕੋਈ ਤਰੇੜਾਂ, ਮੋੜ, ਜਾਂ ਟੁੱਟ–ਭੱਜ ਹੈ ?

   **ਨਹੀਂ :** ਜਾਰੀ ਰੱਖੋ

   **ਹਾਂ :** ਸੀਟ ਨੂੰ ਰੱਦ ਕਰ ਦਿਓ

7. ਕੀ ਤੁਹਾਡੇ ਕੋਲ ਨਿਰਮਾਤਾ ਦੀਆਂ ਹਿਦਾਇਤਾਂ ਦੀ ਕੋਈ ਨਕਲ ਹੈ ?

   **ਹਾਂ :** ਜਾਰੀ ਰੱਖੋ

   **ਨਹੀਂ :** ਕਾਰ ਸੀਟ ਨਿਰਮਾਤਾ ਨੂੰ ਹਿਦਾਇਤਾਂ ਦੀ ਇੱਕ ਨਕਲ ਭੇਜਣ ਵਾਸਤੇ ਬੇਨਤੀ ਕਰਨ ਲਈ ਕੱਲ ਕਰੋ

8. ਕੀ ਸੀਟ ਦੇ ਸਾਰੇ ਹਿੱਸੇ ਹਨ : ਸਾਜ਼ ਤਣੀਆਂ, ਛਾਤੀ ਕੋਲ ਲੱਗਣ ਵਾਲਾ ਕਲਿੱਪ, ਗੱਦੀ, ਡਹਾ ਤਣੀਆਂ ਅਤੇ ਕਾਬਲੇ ?

   **ਹਾਂ :** ਜਾਰੀ ਰੱਖੋ

   **ਨਹੀਂ :** ਰੱਦ ਕਰ ਦਿਓ – ਜਾਂ ਨਿਰਮਾਤਾ ਤੋਂ ਬਦਲਵੇਂ ਪੁਰਜ਼ਿਆਂ ਦੀ ਮੰਗ ਕਰੋ

9. ਕੀ ਸਾਜ਼ ਤਣੀਆਂ ਘਸੀਆਂ ਪਿਟੀਆਂ ਜਾਂ ਪਤਲੀਆਂ ਤਾਂ ਨਹੀਂ ਹੋ ਗਈਆਂ ?

   **ਨਹੀਂ:** ਜਾਰੀ ਰੱਖੋ

   **ਹਾਂ :** ਰੱਦ ਕਰ ਦਿਓ – ਜਾਂ ਨਿਰਮਾਤਾ ਤੋਂ ਬਦਲਵੇਂ ਪੁਰਜ਼ਿਆਂ ਦੀ ਮੰਗ ਕਰੋ

10. ਕੀ ਇਸਦਾ ਬੱਕਲ ਖੇਤਰ ਜੰਗਾਲ ਲੱਗਣ ਦੇ ਚਿੰਨ੍ਹ ਦਿਖਾਉਂਦਾ ਹੈ ?

   **ਨਹੀਂ :** ਜਾਰੀ ਰੱਖੋ

   **ਹਾਂ :** ਸੀਟ ਨੂੰ ਰੱਦ ਕਰ ਦਿਓ

11. ਕੀ ਬੱਕਲ ਦੀ ਯੰਤਰ–ਵਿਧੀ ਸਰਲਤਾ ਨਾਲ ਲੱਗ ਜਾਂਦੀ ਹੈ ?

   **ਹਾਂ :** ਸੀਟ ਦੀ ਵਰਤੋਂ ਕਰੋ

   **ਨਹੀਂ :** ਨੁਕਸ ਠੀਕ ਕਰੋ ਜਾਂ

## ਕਿਸੇ ਕਾਰ ਸੀਟ ਨੂੰ ਸੁੱਟਣ ਲਈ :

- ਸਾਰੇ ਸਾਜ਼ ਨੂੰ ਕੱਟ ਕੇ ਅਲੱਗ ਕਰ ਦਿਓ ਅਤੇ ਤਣੀਆਂ ਨੂੰ ਸੁੱਟ ਦਿਓ
- ਕਿਸੇ ਕਿਸਮ ਦੀਆਂ ਗੱਦੀਆਂ ਨੂੰ ਹਟਾ ਦਿਓ
- ਪਲਾਸਟਿਕ ਖੋਲ ਨੂੰ ਵੱਖਰੇ ਤੌਰ ਤੇ ਹਰੇ/ਕਾਲੇ ਰੰਗ ਦੇ ਕੂੜੇ ਵਾਲੇ ਥੈਲੇ ਵਿੱਚ ਸੁੱਟ ਦਿਓ

ਵਧੇਰੇ ਜਾਣਕਾਰੀ ਵਾਸਤੇ ਕੱਲ ਕਰੋ :

York Region Health Connection
Health Information • Education • Counselling
1-800-361-5653

# ਕਾਰ ਸੀਟ ਖ਼ਰੀਦਣਾ



## ਨਵੀਆਂ ਅਤੇ ਵਰਤੀਆਂ ਹੋਈਆਂ ਕਾਰ ਸੀਟਾਂ ਖ਼ਰੀਦਣ ਬਾਰੇ ਇੱਕ ਜਾਣਕਾਰੀ ਭਰਪੂਰ ਤੱਥ-ਸ਼ੀਟ।

## ਨਵੀਆਂ ਕਾਰ ਸੀਟਾਂ

ਬਹੁਤ ਸਾਰੀਆਂ ਵੰਨ-ਸੁਵੰਨਤਾਵਾਂ ਵਾਲੇ ਕਾਰ ਸੀਟ ਸਟਾਈਲਾਂ ਦੇ ਉਪਲਬਧ ਹੋਣ ਨਾਲ, ਇਹ ਫ਼ੈਸਲਾ ਕਰਨਾ ਹਮੇਸ਼ਾ ਆਸਾਨ ਨਹੀਂ ਹੁੰਦਾ ਕਿ ਤੁਹਾਡੇ ਬੱਚੇ ਦੇ ਭਾਰ, ਲੰਬਾਈ ਅਤੇ ਵਿਕਸਤ ਹੋਣ ਦੀ ਯੋਗਤਾ ਅਨੁਸਾਰ ਕਿਹੜੀ ਸੀਟ ਵਧੇਰੇ ਢੁਕਵੀਂ ਹੈ। ਹੇਠ ਲਿਖੇ ਵਿਸਥਾਰ ਕਿਸੇ ਨਵੀਂ ਕਾਰ ਸੀਟ ਦੀ ਚੋਣ ਕਰਦੇ ਸਮੇਂ ਤੁਹਾਡੀ ਮਦਦ ਕਰ ਸਕਦੇ ਹਨ।

- ਕੈਨੇਡਾ ਵਿੱਚ ਕਿਸੇ ਨਵੀਂ ਕਾਰ ਸੀਟ ਨੂੰ ਖ਼ਰੀਦਣਾ ਇਹ ਗਰੰਟੀ ਦਿੰਦਾ ਹੈ ਕਿ ਇਹ ਕੈਨੇਡੀਅਨ ਮੋਟਰ ਗੱਡੀ ਸੁਰੱਖਿਆ ਮਿਆਰਾਂ (CMVSS) ਨੂੰ ਪੂਰਾ ਕਰਦੀ ਹੈ, ਜੋ ਕਿ ਕਾਨੂੰਨਨ ਜ਼ਰੂਰੀ ਹੈ
- ਮੁਕਾਬਲਤਨ ਉੱਚੀ ਕੀਮਤ ਵਾਲੀ ਸੀਟ ਜ਼ਰੂਰੀ ਤੌਰ ਤੇ ਇਹ ਇਸ਼ਾਰਾ ਨਹੀਂ ਕਰਦੀ ਕਿ ਇਹ ਇੱਕ ਮੁਕਾਬਲਤਨ ਵਧੇਰੇ ਸੁਰੱਖਿਅਤ ਉਤਪਾਦ ਹੈ - ਸਭ ਜਗ੍ਹਾ ਤੇ ਪਤਾ ਕਰੋ
- ਕਿਸੇ ਅਜਿਹੀ ਸੀਟ ਦੀ ਤਲਾਸ਼ ਕਰੋ ਜਿਸਦੀ ਵਰਤੋਂ ਕਰਨਾ ਅਤੇ ਸਫ਼ਾਈ ਕਰਨਾ ਆਸਾਨ ਹੋਵੇ ਅਤੇ ਜੋ ਤੁਹਾਡੇ ਬੱਚੇ ਵਾਸਤੇ ਆਰਾਮਦਾਇਕ ਹੋਵੇ



## ਕਿਸੇ ਕਾਰ ਸੀਟ/ਬੂਸਟਰ ਨੂੰ ਖ਼ਰੀਦਣ ਦੇ ਬਾਅਦ

- ਗੱਡੀ ਵਿੱਚ ਸੀਟ ਨੂੰ ਇਹ ਯਕੀਨੀ ਬਣਾਉਣ ਲਈ ਸਥਾਪਤ ਕਰੋ ਕਿ ਤੁਹਾਡੀ ਗੱਡੀ ਦੀ ਸੀਟ ਬੈਲਟ ਜਾਂ LATCH ਪ੍ਰਣਾਲੀ ਤੁਹਾਡੀ ਕਾਰ ਸੀਟ/ਬੂਸਟਰ ਦੇ ਅਨੁਸਾਰੀ ਹੋਵੇ ਅਤੇ ਇਹ ਸੀਟ ਨੂੰ ਕੱਸਕੇ ਪਕੜੀ ਰੱਖੇ, ਨਹੀਂ ਤਾਂ ਤੁਹਾਨੂੰ ਇਸਦਾ ਕਿਸੇ ਹੋਰ ਮਾਡਲ ਨਾਲ ਵਟਾਂਦਰਾ ਕਰਨਾ ਪੈ ਸਕਦਾ ਹੈ।
- ਨਿਰਮਾਤਾ ਦੀਆਂ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਨੂੰ ਇੱਕ ਸੁਰੱਖਿਅਤ ਸਥਾਨ ਤੇ ਰੱਖੋ
- ਯਕੀਨੀ ਬਣਾਓ ਕਿ ਤੁਸੀਂ ਆਪਣੀ ਕਾਰ ਸੀਟ ਦੇ ਪੰਜੀਕਰਨ ਨੂੰ ਭਰਦੇ ਹੋ ਅਤੇ ਇਸਨੂੰ ਵਾਪਸ ਭੇਜ ਦਿੰਦੇ ਹੋ (ਵਾਪਸ ਲਏ ਜਾਣ ਦੇ ਨੋਟਿਸਾਂ ਵਾਸਤੇ)

ਏਥੇ ਇੱਕ ਵਰਤਣ ਵਿੱਚ ਆਸਾਨ ਸਾਰਣੀ ਦਿੱਤੀ ਜਾ ਰਹੀ ਹੈ, ਤਾਂ ਜੋ ਤੁਹਾਡੇ ਬੱਚੇ ਲਈ ਸਹੀ ਕਾਰ ਸੀਟ ਖ਼ਰੀਦਣ ਵਿੱਚ ਤੁਹਾਡੀ ਮਦਦ ਕੀਤੀ ਜਾ ਸਕੇ।

## ਬਾਜ਼ਾਰ ਵਿੱਚ ਕਾਰ ਸੀਟਾਂ ਦੀਆਂ ਕਿਸਮਾਂ

| ਕਿਸਮ | ਕਦੋਂ ਅਤੇ ਕਿਵੇਂ ਵਰਤੋਂ ਕਰਨੀ ਹੈ | ਕੀ ਕੁਝ ਦੇਖਿਆ ਜਾਵੇ |
|---|---|---|
| ਬਹੁਤ ਛੋਟੇ ਬੱਚੇ ਲਈ ਕਾਰ ਸੀਟ  | • ਜਨਮ ਤੋਂ ਲੈਕੇ 10 ਕਿਲੋ (22 ਪਾਊਂਡ) ਦਾ ਹੋਣ ਤੱਕ<br>• ਕੇਵਲ ਪਿਛਲੇ-ਪਾਸੇ ਨੂੰ ਮੂੰਹ ਕਰਕੇ ਬੈਠਣ ਵਾਲੀ ਸੀਟ | • ਜੇ ਇਸਦਾ ਕੋਈ ਆਧਾਰ ਹੈ, ਤਾਂ ਇਸਦੀ ਵਰਤੋਂ ਕਰਨਾ ਮੁਕਾਬਲਤਨ ਆਸਾਨ ਹੋ ਜਾਂਦਾ ਹੈ<br>• ਇਹ ਪੜਤਾਲ ਕਰੋ ਕਿ ਇਸਦਾ ਸਾਜ਼ ਸੀਟ ਦੇ ਅੱਗੇ ਜਾਂ ਪਿੱਛੇ ਕਿੰਨੀ ਕੁ ਆਸਾਨੀ ਨਾਲ ਅਨੁਕੂਲਿਤ ਹੋ ਜਾਂਦਾ ਹੈ।<br>• ਕਿਸੇ ਅਜਿਹੀ ਸੀਟ ਦੀ ਚੋਣ ਕਰੋ ਜਿਸ ਵਿੱਚ ਮੋਢੇ ਤੇ ਪਾਉਣ ਵਾਲੇ ਸਾਜ਼ ਵਿੱਚ ਸੱਲਾਂ ਦੇ 2 ਸੈੱਟ ਹੋਣ |
| ਪਰਿਵਰਤਨਸ਼ੀਲ ਕਾਰ ਸੀਟ   | • ਜਨਮ ਤੋਂ ਲੈਕੇ 18 ਕਿਲੋ (40 ਪਾਊਂਡ) ਦਾ ਹੋਣ ਤੱਕ<br>• ਪਿਛਲੇ-ਪਾਸੇ ਅਤੇ ਅੱਗੇ-ਵੱਲ ਮੂੰਹ ਕਰਕੇ ਬੈਠਣ ਵਾਲੀ ਸੀਟ | • ਸਿਰ ਉੱਪਰਲੀ ਸ਼ੀਲਡ ਦੇ ਬਨਿਸਬਤ ਇੱਕ 5 ਨੁਕਾਤੀ ਸਾਜ਼ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿਉਂਕਿ ਇਹ ਕਿਸੇ ਵਧਦੇ ਹੋਏ ਬੱਚੇ ਵਾਸਤੇ ਵਧੇਰੇ ਸੁਰੱਖਿਅਤ ਫ਼ਿੱਟ ਪ੍ਰਦਾਨ ਕਰਦਾ ਹੈ<br>• ਜਦੋਂ ਤੁਸੀਂ ਸਾਮ੍ਹਣੇ ਵੱਲ ਮੂੰਹ ਕਰਕੇ ਬੈਠੇ ਹੋਵੋ ਤਾਂ ਲੈਚਪਲੇਟ ਦੇ ਨਾਲ ਇੱਕ ਡਹਾ ਤਣੀ ਨੂੰ ਤੁਹਾਡੀ ਗੱਡੀ ਵਿੱਚ ਕੱਸਣਾ ਮੁਕਾਬਲਤਨ ਆਸਾਨ ਹੁੰਦਾ ਹੈ |
| ਸੁਮੇਲ ਕਾਰ ਸੀਟ  | • 9 ਤੋਂ ਲੈਕੇ 36 ਕਿਲੋ (20 ਤੋਂ ਲੈਕੇ 80 ਪਾਊਂਡ) ਦਾ ਹੋਣ ਤੱਕ - ਵੱਧ ਤੋਂ ਵੱਧ ਭਾਰ ਮਾਡਲ ਦੇ ਅਨੁਸਾਰ ਬਦਲਦਾ ਰਹਿੰਦਾ ਹੈ<br>• ਕੇਵਲ ਅੱਗੇ ਵੱਲ ਨੂੰ ਮੂੰਹ ਕਰਕੇ ਬੈਠਣ ਵਾਸਤੇ | • ਇਸ ਸੀਟ ਨੂੰ ਸਾਜ਼ ਅਤੇ ਡਹੇ ਨਾਲ ਅੱਗੇ ਵੱਲ ਮੂੰਹ ਕਰਕੇ ਬੈਠਣ ਵਾਲੀ ਕਾਰ ਸੀਟ ਦੀ ਤਰ੍ਹਾਂ 21.8 ਕਿਲੋ/48 ਪਾਊਂਡ ਤੱਕ ਦੇ ਭਾਰ ਲਈ ਵਰਤੋ (ਮਾਡਲ ਤੇ ਨਿਰਭਰ ਕਰਨ ਅਨੁਸਾਰ)<br>• ਇਹ ਯਕੀਨੀ ਬਣਾਓ ਕਿ ਤੁਸੀਂ ਸਾਜ਼ ਦੀ ਕਸਾਵਟ ਸੀਟ ਦੇ ਸਾਮ੍ਹਣੇ ਹੀ ਅਨੁਕੂਲਿਤ ਕਰ ਸਕਦੇ ਹੋਵੋ ਤਾਂ ਕਿ ਹਰ ਵਾਰ ਜਦੋਂ ਵੀ ਇਸਨੂੰ ਕੱਸਣ/ਢਿੱਲਾ ਕਰਨ ਦੀ ਲੋੜ ਪੈਂਦੀ ਹੈ, ਤਾਂ ਉਸ ਸਮੇਂ ਸੀਟ ਬਾਹਰ ਕੱਢਣ ਤੋਂ ਬੱਚਿਆ ਜਾ ਸਕੇ<br>• ਜਦੋਂ ਭਾਰ 18-21.8 ਕਿਲੋ/40-48 ਪਾਊਂਡ ਵਿਚਕਾਰ ਹੁੰਦਾ ਹੈ (ਮਾਡਲ ਤੇ ਨਿਰਭਰ), ਤਾਂ ਤੁਸੀਂ ਸਾਜ਼ ਨੂੰ ਹਟਾ ਸਕਦੇ ਹੋ ਅਤੇ ਇਸਨੂੰ ਇੱਕ ਉੱਚੀ ਢੋਅ ਵਾਲੀ ਬੂਸਟਰ ਸੀਟ ਦੀ ਤਰ੍ਹਾਂ ਵਰਤ ਸਕਦੇ ਹੋ<br>• ਉਨ੍ਹਾਂ ਵਿੱਚ ਲੰਬੇ ਬੱਚੇ ਵੀ ਬੈਠ ਸਕਦੇ ਹਨ, ਜੋ ਤੁਹਾਨੂੰ 101 ਸੈਂ.ਮੀ. (40") ਤੋਂ ਵੀ ਪਰ੍ਹੇ ਸਾਜ਼ ਦੀ ਵਰਤੋਂ ਦੀ ਆਗਿਆ ਦਿੰਦੀਆਂ ਹਨ, ਜਿਨ੍ਹਾਂ ਦਾ ਭਾਰ 18 ਕਿਲੋ (40 ਪਾਊਂਡ) ਤੋਂ ਘੱਟ ਹੁੰਦਾ ਹੈ |
| ਬੂਸਟਰ ਸੀਟ  ਉੱਚੀ ਢੋਅ ਵਾਲੀ ਬੂਸਟਰ ਸੀਟ  ਬਿਨਾਂ ਢੋਅ ਤੋਂ ਬੂਸਟਰ ਸੀਟ | • 18 ਤੋਂ ਲੈਕੇ 45.5 ਕਿਲੋ (40 ਤੋਂ ਲੈਕੇ 100 ਪਾਊਂਡ) ਦਾ ਹੋਣ ਤੱਕ - ਵੱਧ ਤੋਂ ਵੱਧ ਭਾਰ ਮਾਡਲ ਦੇ ਅਨੁਸਾਰ ਬਦਲਦਾ ਰਹਿੰਦਾ ਹੈ<br>ਸ਼ੀਲਡ (ਰੱਖਿਅਕ) ਬੂਸਟਰ  | • ਉੱਚੀ ਢੋਅ ਵਾਲੀ ਬੂਸਟਰ ਸੀਟ - ਇਸਨੂੰ ਇੱਕ ਗੋਦ-ਮੋਢੇ ਵਾਲੀ ਸੀਟ ਬੈਲਟ ਦੀ ਲੋੜ ਪੈਂਦੀ ਹੈ; ਭਾਰ ਦੀਆਂ ਵੱਧ ਤੋਂ ਵੱਧ ਸੀਮਾਵਾਂ ਮਾਡਲ ਤੇ ਨਿਰਭਰ ਕਰਦੀਆਂ ਹਨ<br>• ਬਿਨਾਂ ਢੋਅ ਤੋਂ ਬੂਸਟਰ ਸੀਟ - ਇਸਨੂੰ ਵੀ ਗੋਦ-ਮੋਢੇ ਦੀ ਸੀਟ ਬੈਲਟ ਦੀ ਲੋੜ ਹੁੰਦੀ ਹੈ; ਯਕੀਨੀ ਬਣਾਓ ਕਿ ਜਦੋਂ ਤੁਹਾਡਾ ਬੱਚਾ ਇਸਤੇ ਬੈਠਦਾ ਹੈ, ਤਾਂ ਉਸਦੇ ਸਿਰ ਨੂੰ ਗੱਡੀ ਦੀ ਸੀਟ ਤੋਂ ਸੁਰੱਖਿਆ ਮਿਲੇ<br>• ਸ਼ੀਲਡ (ਰੱਖਿਅਕ) ਬੂਸਟਰ - ਇਸਦਾ ਡਿਜ਼ਾਈਨ ਉਸ ਸਮੇਂ ਵਰਤੋਂ ਕਰਨ ਵਾਸਤੇ ਬਣਾਇਆ ਗਿਆ ਹੈ, ਜਦੋਂ ਸਾਰੀਆਂ ਪਿਛਲੀਆਂ ਸੀਟਾਂ ਵਿੱਚ ਕੇਵਲ ਗੋਦ ਵਾਲੀਆਂ ਬੈਲਟਾਂ ਹੀ ਉਪਲਬਧ ਹੁੰਦੀਆਂ ਹਨ |